ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ,
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ-2, ਫੇਜ-8 ਅਜੀਤਗੜ੍ਹ।
(ਡਾਇਟ ਸ਼ਾਖਾ)

ਹੁਕਮ ਨੰ: 9/127-12 ਡਾਇਟ(3)
ਮਿਤੀ,ਅਜੀਤਗੜ੍ਹ: 1-2-2013

ਸੈਨਿਕ ਐਲੀਮੈਂਟਰੀ ਟੀਚਰ ਟ੍ਰੇਨਿੰਗ ਕਾਲਜ ਪਿੰਡ ਤੇ ਡਾਕਘਰ ਚੂਰਲ ਕਲਾਂ ਤਹਿਸੀਲ ਲਹਿਰਾ ਜਿਲਾ ਸੰਗਰੂਰ, ਜਿਸ ਨੂੰ ਐਨ.ਸੀ.ਟੀ.ਈ. ਜੈਪੁਰ ਦੇ ਪੱਤਰ ਨੰ: NRC/NCTE/F-3/NRCAPP-1193/ 203rd MEETING 2012/29503 ਮਿਤੀ 21-8-2012 ਰਾਹੀਂ ਰਿਕੋਗਨੀਸ਼ਨ ਦਿੱਤੀ ਗਈ ਹੈ, ਨੂੰ ਡੀ.ਐਲ.ਐਡ (ਈ.ਟੀ.ਟੀ) ਦਾ ਕੋਰਸ ਇਕ ਯੂਨਿਟ (50 ਬੱਚੇ) ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜਨਲ ਐਫਲੀਏਸ਼ਨ ਦਿੱਤੀ ਜਾਂਦੀ ਹੈ:-

ਸ਼ਰਤਾਂ

1. ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਨਿਰਧਾਰਿਤ ਸਟਾਫ ਹਰ ਸਮੇਂ ਪੂਰਾ ਰੱਖਣਾ ਯਕੀਨੀ ਬਣਾਏਗੀ। ਸਟਾਫ ਦੀ ਯੋਗਤਾ ਐਨ.ਸੀ.ਟੀ.ਈ. ਦੇ ਨਾਰਮਜ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ.ਈ. ਪੰਜਾਬ ਦਾ ਨੁਮਾਇਦਾ ਹੋਣਾ ਜਰੂਰੀ ਹੈ। ਕਰਮਚਾਰੀ ਵਲੋਂ ਨੌਕਰੀ ਛੱਡਣ ਜਾਂ ਉਸਨੂੰ ਨੌਕਰੀ ਤੋਂ ਕੱਢਣ ਸਬਧੀ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।
2. ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।
3. ਦਾਖਲ ਕੀਤੇ ਸਿੱਖਿਆਰਥੀਆਂ ਦੇ ਇਕ ਸੈਸ਼ਨ ਦੌਰਾਨ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।
4. ਸਿੱਖਿਆਰਥੀਆਂ ਦੀ ਈ.ਟੀ.ਟੀ. ਵਿਚ ਅਪਲਾਈ ਕਰਨ ਦੀ ਮਿਤੀ ਨੂੰ ਐਨ.ਸੀ.ਟੀ.ਈ. ਵਲੋਂ ਨਿਰਧਾਰਿਤ ਯੋਗਤਾ ਪੂਰੀ ਹੋਣੀ ਚਾਹੀਦੀ ਹੈ।
5. ਦਾਖਲ ਕੀਤੇ ਸਿੱਖਿਆਰਥੀਆਂ ਤੋਂ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਫੀਸ ਹੀ ਲਈ ਜਾਵੇਗੀ।
6. ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਕਿਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ। ਐਨ.ਸੀ.ਟੀ.ਈ ਵਲੋਂ ਦਿੱਤੀ ਰਿਕੋਗਨੀਸ਼ਨ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ।
7. ਜੇਕਰ ਜਮੀਨ ਸੁਸਾਇਟੀ/ਟਰਸਟ ਦੇ ਨਾਮ ਤੇ ਹੈ,ਜਮੀਨ ਛੇ ਮਹੀਨੇ ਦੇ ਅੰਦਰ-2 ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਕੇ ਜਮੀਨੇ ਦੇ ਨਵੇਂ ਕਾਗਜਾਤ ਦੀ ਕਾਪੀ ਮਿਥੇ ਸਮੇਂ ਦੇ ਅੰਦਰ-2 ਰਿਜਨਲ ਕਮੇਟੀ ਅਤੇ ਇਸ ਦਫਤਰ ਨੂੰ ਭੇਜੀ ਜਾਵੇ। ਮਿਥੇ ਸਮੇਂ ਦੇ ਅੰਦਰ-2 ਇਹ ਕਾਰਵਾਈ ਨਾ ਕਰਨ ਦੀ ਸੂਰਤ ਵਿਚ ਇਸ ਦਫਤਰ ਵਲੋਂ ਰਿਕੋਗਨੀਸ਼ਨ/ਐਫਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਅਰੰਭ ਕੀਤੀ ਜਾਵੇਗੀ।
8. ਇਸ ਦਫਤਰ ਵਲੋਂ ਕਰਵਾਈ ਇੰਨਸਪੈਕਸ਼ਨ ਵਿਚ ਪਾਇਆ ਗਿਆ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਰੈਂਪ ਆਦਿ ਦੀ ਸੁਵਿਧਾ ਆਪਦੀ ਸੰਸਥਾ ਵਿਚ ਨਹੀਂ ਹੈ। ਸੰਸਥਾ ਵਿਚ ਇਹ ਕਮੀ ਇਕ ਮਹੀਨੇ ਦੇ ਅੰਦਰ-2 ਦੂਰ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
9. ਐਨ.ਸੀ.ਟੀ.ਈ/ਐਸ.ਸੀ.ਈ.ਆਰ.ਟੀ.ਪੰਜਬ ਵਲੋਂ ਸਮੇਂ-2 ਸਿਰ ਨਿਰਧਾਰਿਤ ਕੀਤੇ ਨਾਰਮਜ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸੇ ਕਿਸਮ ਦੀ ਅਣਗਹਿਲੀ/ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।
10. ਐਨ.ਸੀ.ਟੀ.ਈ. ਵਲੋਂ ਜਾਰੀ ਰਿਕੋਗਨੀਸ਼ਨ ਪੱਤਰ ਵਿਚ ਲੱਗੀਆਂ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨਾ ਵੀ ਯਕੀਨੀ ਬਣਾਇਆ ਜਾਵੇਗਾ।
11. ਸੁਸਾਇਟੀ/ਟਸਰਟ ਵਲੋਂ ਸੰਸਥਾ ਚਲਾਉਣ ਲਈ ਸਰਕਾਰ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਨਹੀਂ ਕੀਤੀ ਜਾਵੇਗੀ।

ਰੋਸ਼ਨ ਲਾਲ ਸੂਦ
ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ।

ਪਿੱਠਅੰਕਣ ਨੰ: ਉਕਤ ਮਿਤੀ,ਚੰਡੀਗੜ੍ਹ: 5-2-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

Scanned by CamScanner

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ5 ਸ਼ਾਖਾ), ਸਿਵਲ ਸਕੱਤਰੇਤ-2, ਸੈਕਟਰ-9,ਚੰਡੀਗੜ੍ਹ।

2. ਸੁਪਰਡੰਟ ਪ੍ਰੀਖਿਆ ਸ਼ਾਖਾ

3. ਚੇਅਰਮੈਨ, ਸੈਨਿਕ ਐਲੀਮੈਂਟਰੀ ਟੀਚਰ ਟ੍ਰੇਨਿੰਗ ਕਾਲਜ ਪਿੰਡ ਤੇ ਡਾਕਘਰ ਚੁਰਲ ਕਲਾਂ ਤਹਿਸੀਲ ਲਹਿਰਾ ਜਿਲਾ ਸੰਗਰੂਰ

4. ਰੀਜਨਲ ਡਾਇਰੈਕਟਰ, ਐਨ.ਸੀ.ਟੀ.ਈ. ਜੈਪੁਰ, 20/198, ਕਵੇਰੀ ਪੱਥ, ਮਾਨਸਰੋਵਰ, ਜੈਪੁਰ-302020 (ਰਾਜਸਥਾਨ)।

5. ਸੰਸਥਾ ਦੀ ਮਿਸਲ ਲਈ।

ਡਿਪਟੀ ਡਾਇਰੈਕਟਰ (ਮੁਲਅੰਕਣ)

Scanned by CamScanner